ਵੈਸਟ ਯੌਰਕਸ਼ਾਇਰ ਅਤੇ ਹੈਰੋਗੇਟ
ਸਿਹਤ ਅਤੇ ਦੇਖਭਾਲ ਭਾਈਵਾਲੀ

NHS

# GP ਪ੍ਰੈਕਟਿਸਾਂ ਅਜੇ ਵੀ ਵੱਖਰੇ ਤਰੀਕੇ ਨਾਲ ਕਿਉਂ ਕੰਮ ਕਰ ਰਹੀਆਂ ਹਨ?

## ਜੇ ਮਹਾਂਮਾਰੀ ਖ਼ਤਮ ਹੋ ਗਈ ਹੈ ਤਾਂ GP ਪ੍ਰੈਕਟਿਸ ਖੁੱਲ੍ਹੇ ਕਿਉਂ ਨਹੀਂ ਹਨ?

**ਮਹਾਂਮਾਰੀ ਖਤਮ ਨਹੀਂ ਹੋਈ ਹੈ।** GP ਪ੍ਰੈਕਟਿਸਾਂ ਨੇ ਲੌਕਡਾਊਨ ਦੌਰਾਨ ਸੇਵਾ ਪ੍ਰਦਾਨ ਕਰਨ ਲਈ ਸਖ਼ਤ ਮਿਹਨਤ ਕੀਤੀ ਹੈ ਅਤੇ ਅਜੇ ਵੀ ਕਰ ਰਹੀਆਂ ਹਨ। ਹਰ ਕਿਸੇ ਨੂੰ ਬਚਾਉਣ ਲਈ, ਸਾਨੂੰ ਸੁਰੱਖਿਅਤ ਸੰਕ੍ਰਮਣ ਕੰਟਰੋਲ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਬੇਲੋੜੇ ਸਰੀਰਕ ਸੰਪਰਕ ਨੂੰ ਘਟਾਉਣਾ ਚਾਹੀਦਾ ਹੈ।

### ਪ੍ਰੈਕਟਿਸਾਂ ਹੁਣ ਕਿਵੇਂ ਕੰਮ ਕਰ ਰਹੀਆਂ ਹਨ?

ਸਾਰੀਆਂ ਅਪੌਇੰਟਮੈਂਟਾਂ ਪ੍ਰਾਥਮਿਕਤਾ ਦੇ ਆਧਾਰ (ਟ੍ਰਾਈਏਜ) 'ਤੇ ਕੀਤੀਆਂ ਜਾ ਰਹੀਆਂ ਹਨ। ਇਹ ਤੁਹਾਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਸਭ ਤੋਂ ਵੱਧ ਲੋੜ ਵਾਲੇ ਲੋਕਾਂ ਨੂੰ ਪਹਿਲਾਂ ਦੇਖਿਆ ਜਾਵੇ। ਅਸੀਂ ਹਰ ਉਸ ਵਿਅਕਤੀ ਨੂੰ ਵਿਅਕਤੀਗਤ ਰੂਪ ਵਿੱਚ ਦੇਖਾਂਗੇ ਜਿਸ ਨੂੰ ਇਸ ਤਰੀਕੇ ਨਾਲ ਦੇਖਣ ਦੀ ਲੋੜ ਹੈ।

### ਪ੍ਰਾਥਮਿਕਤਾ ਦਾ ਆਧਾਰ (ਟ੍ਰਾਈਏਜ) ਕੀ ਹੁੰਦਾ ਹੈ?

ਇਹ ਫੈਸਲਾ ਕਰਨ ਲਈ ਤੁਹਾਡਾ ਮੁਲਾਂਕਣ ਕੀਤਾ ਜਾਵੇਗਾ ਕਿ ਕਿਸ ਨੂੰ ਇਸ ਦੀ ਲੋੜ ਹੈ:

- ਵਿਅਕਤੀਗਤ ਰੂਪ ਵਿੱਚ ਦੇਖੇ ਜਾਣ ਦੀ
- ਇੱਕ ਫ਼ੋਨ ਸਲਾਹ-ਮਸ਼ਵਰੇ ਦੀ
- ਇੱਕ ਵੀਡੀਓ ਸਲਾਹ-ਮਸ਼ਵਰੇ ਦੀ
- ਕਮਿਊਨਿਟੀ ਫਾਰਮੇਸੀ ਤੋਂ ਮਦਦ ਦੀ

### ਰਿਸੈਪਸ਼ਨਿਸਟ ਨਿੱਜੀ ਸਵਾਲ ਕਿਉਂ ਪੁੱਛਦੇ ਹਨ?

GP ਰਿਸੈਪਸ਼ਨ ਸਟਾਫ, ਸਿਹਤ ਸੰਭਾਲ (ਹੈਲਥ ਕੇਅਰ) ਟੀਮ ਦਾ ਇੱਕ ਅਹਿਮ ਹਿੱਸਾ ਹੈ ਅਤੇ ਤੁਹਾਨੂੰ ਸਭ ਤੋਂ ਵਧੀਆ ਸਹਾਇਤਾ ਲਈ ਨਿਰਦੇਸ਼ਿਤ ਕਰਨ ਲਈ ਸਵਾਲ ਪੁੱਛਦਾ ਹੈ। ਉਹ ਪ੍ਰਾਥਮਿਕਤਾ ਦੇ ਆਧਾਰ (ਟ੍ਰਾਈਏਜ) ਤੇ ਸਹਾਇਤਾ ਕਰਨ ਵਿੱਚ ਨਿਪੁੰਨ ਹਨ ਅਤੇ ਸਾਰੀ ਜਾਣਕਾਰੀ ਨੂੰ ਗੁਪਤ ਤਰੀਕੇ ਨਾਲ ਵਰਤਦੇ ਹਨ।

### ਮੈਂ ਆਪਣੇ GP ਨੂੰ ਮਿਲਣਾ ਚਾਹੁੰਦਾ ਸੀ, ਤਾਂ ਮੈਂ ਕਿਸੇ ਹੋਰ ਨੂੰ ਕਿਉਂ ਮਿਲ ਰਿਹਾ/ਰਹੀ ਹਾਂ?

ਬਹੁਤ ਸਾਰੀਆਂ GP ਪ੍ਰੈਕਟਿਸਾਂ ਵਿੱਚ ਹੁਣ ਕਈ ਤਰ੍ਹਾਂ ਦੇ ਪੇਸ਼ੇਵਰ (ਜਿਵੇਂ ਕਿ ਅਡਵਾਂਸਡ ਨਰਸ ਪ੍ਰੈਕਟੀਸ਼ਨਰ) ਸ਼ਾਮਲ ਹਨ ਜੋ ਸਿਹਤ ਸਥਿਤੀਆਂ ਦਾ ਨਿਦਾਨ ਅਤੇ ਇਲਾਜ ਕਰ ਸਕਦੇ ਹਨ। ਇਹ ਯਕੀਨੀ ਬਣਾਉਂਦਾ ਹੈ ਕਿ ਤੁਸੀਂ ਸਹੀ ਸਮੇਂ 'ਤੇ ਸਹੀ ਵਿਅਕਤੀ ਨੂੰ ਹੋਰ ਤੇਜ਼ੀ ਨਾਲ ਮਿਲ ਸਕਦੇ ਹੋ।

### ਐਮਰਜੈਂਸੀ ਬਾਰੇ ਕੀ

ਜਾਨਲੇਵਾ ਐਮਰਜੈਂਸੀ ਵਿੱਚ ਹਮੇਸ਼ਾ 999 ਡਾਇਲ ਕਰੋ। ਤੁਹਾਡੀ GP ਪ੍ਰੈਕਟਿਸ ਜਾਂ ਕਮਿਊਨਿਟੀ ਫਾਰਮੇਸੀ ਬੰਦ ਹੋਣ 'ਤੇ ਜੇਕਰ ਤੁਹਾਨੂੰ ਕਿਸੇ ਵੀ ਸਮੇਂ ਮਾਮੂਲੀ ਸੱਟਾਂ ਜਾਂ ਤੁਰੰਤ ਦੇਖਭਾਲ ਲਈ ਮਦਦ ਦੀ ਲੋੜ ਹੈ ਤਾਂ 111.nhs.uk 'ਤੇ ਜਾਓ ਜਾਂ ਜੇਕਰ ਤੁਹਾਡੇ ਕੋਲ ਇੰਟਰਨੈੱਟ ਨਹੀਂ ਹੈ ਤਾਂ 111 ਡਾਇਲ ਕਰੋ।

### ਮੈਨੂੰ ਹੋਰ ਕਿੱਥੋਂ ਮਦਦ ਮਿਲ ਸਕਦੀ ਹੈ?

ਆਮ ਲੱਛਣਾਂ ਅਤੇ ਸਥਾਨਕ ਸੇਵਾਵਾਂ ਦੀ ਸੂਚੀ ਬਾਰੇ ਸਲਾਹ ਲਈ www.nhs.uk 'ਤੇ ਜਾਓ ਜਾਂ ਛੋਟੀਆਂ ਬਿਮਾਰੀਆਂ ਬਾਰੇ ਸਲਾਹ ਲਈ ਪਹਿਲਾਂ ਆਪਣੇ ਕਮਿਊਨਿਟੀ ਫਾਰਮਾਸਿਸਟ ਨਾਲ ਗੱਲ ਕਰੋ।
ਆਪਣੇ ਨਜ਼ਦੀਕ ਲੱਭੋ:
nhs.uk/service-search/find-a-pharmacy/

## ਕਿਰਪਾ ਕਰਕੇ ਸਬਰ ਰੱਖੋ

ਸਾਡੀਆਂ ਸਿਹਤ ਸੇਵਾਵਾਂ ਬਹੁਤ ਦਬਾਅ ਹੇਠ ਹਨ, ਪਰ ਲੋੜ ਪੈਣ 'ਤੇ ਅਸੀਂ ਖੁੱਲ੍ਹੇ ਹੋਏ ਹਾਂ ਅਤੇ ਇੱਥੇ ਹਾਂ। ਤੁਸੀਂ ਇਹ ਯਕੀਨੀ ਬਣਾ ਕੇ ਸਾਡੀ ਮਦਦ ਕਰ ਸਕਦੇ ਹੋ ਅਤੇ ਆਪਣੀ ਮਦਦ ਕਰ ਸਕਦੇ ਹੋ ਕਿ ਤੁਹਾਨੂੰ ਤੁਹਾਡੀਆਂ ਲੋੜਾਂ ਲਈ ਸਹੀ ਦੇਖਭਾਲ, ਸਹੀ ਥਾਂ 'ਤੇ, ਸਹੀ ਸਮੇਂ 'ਤੇ ਮਿਲਦੀ ਹੈ। ਕਿਰਪਾ ਕਰਕੇ ਸਾਡੇ ਸਟਾਫ ਪ੍ਰਤੀ ਦਿਆਲੂ ਹੋਣਾ ਜਾਰੀ ਰੱਖੋ, ਜਿੱਥੇ ਸੰਭਵ ਹੋਵੇ ਸਮਾਜਿਕ ਤੌਰ 'ਤੇ ਦੂਰੀ ਬਣਾਓ ਅਤੇ ਸਿਹਤ ਸੰਭਾਲ ਸੈਟਿੰਗਾਂ ਵਿੱਚ ਚਿਹਰੇ ਦਾ ਮਾਸਕ ਪਹਿਨੋ।

**ਇਕੱਠੇ ਅਸੀਂ ਚੰਗੀ ਤਰ੍ਹਾਂ ਚੁਣ ਸਕਦੇ ਹਾਂ**